BRAMPTON Flower City
brampton.ca

media release

19 ਅਪ੍ਰੈਲ, 2018

# ਓਨਟੈਰੀਓ ਸਰਕਾਰ ਨੇ ਡਾਊਨਟਾਊਨ ਬ੍ਰੈਂਪਟਨ ਵਿੱਚ ਨਵੇਂ ਰਾਇਰਸਨ ਯੂਨੀਵਰਸਿਟੀ ਕੈਂਪਸ ਦੀ ਇਜਾਜ਼ਤ ਦਿੱਤੀ

*ਸ਼ੈਰੀਡਨ ਕਾਲੇਜ ਨੂੰ ਅਕਾਦਮਿਕ ਭਾਈਵਾਲ ਦੇ ਤੌਰ 'ਤੇ ਸ਼ਾਮਲ ਕੀਤਾ, ਪ੍ਰੋਜੈਕਟ ਕਾਇਆ ਪਲਟ ਵਿੱਚ ਵਾਧਾ ਕਰੇਗਾ*

ਬ੍ਰੈਂਪਟਨ, ਓਨਟੈਰੀਓ – ਬ੍ਰੈਂਪਟਨ (Brampton) ਅਤੇ ਜੀ.ਟੀ.ਐਚ.ਏ. (GTHA) ਦੇ ਰਾਜਨੀਤਿਕ ਅਤੇ ਕਾਰੋਬਾਰੀ ਲੀਡਰ ਅੱਜ ਇੱਕ ਖ਼ਾਸ ਸਿੱਖਿਆ ਸਬੰਧੀ ਇੰਫਰਾਸਟ੍ਰਕਚਰ ਪ੍ਰੋਜੈਕਟ, ਜੋ ਸ਼ਹਿਰ ਦੀ ਕਾਇਆ ਪਲਟ ਦੇਵੇਗਾ, ਦੀ ਘੋਸ਼ਣਾ ਦਾ ਜਸ਼ਨ ਮਨਾਉਣ ਲਈ ਬ੍ਰੈਂਪਟਨ ਬੋਰਡ ਆਫ ਟ੍ਰੇਡ (Brampton Board of Trade) ਵਿਖੇ ਇਕੱਠੇ ਹੋਏ। ਮਿਟਜ਼ੀ ਹੰਟਰ (Mitzie Hunter) ਮਿਨਿਸਟਰ ਆਫ ਐਡਵਾਂਸਡ ਐਜੁਕੇਸ਼ਨ ਐਂਡ ਸਕਿੱਲਸ ਡੈਵਲੈਪਟਮੈਂਟ ਨੇ, ਸਨਮਾਨਯੋਗ ਹਰਿੰਦਰ ਮੱਲ੍ਹੀ (Harinder Malhi), ਐਮ.ਪੀ.ਪੀ. ਬ੍ਰੈਂਪਟਨ-ਸਪ੍ਰਿੰਗਡੇਲ (MPP Brampton-Springdale) ਅਤੇ ਮਿਨਿਸਟਰ ਆਫ ਦ ਸਟੇਟਸ ਆਫ ਵੂਮੈਨ (Minister of the Status of Women), ਦੇ ਨਾਲ, ਡਾਉਨਟਾਉਨ ਬ੍ਰੈਂਪਟਨ ਵਿੱਚ, ਇੱਕ ਅਕਾਦਮਿਕ ਭਾਈਵਾਲ ਦੇ ਤੌਰ 'ਤੇ ਸ਼ੈਰੀਡਨ ਕਾਲੇਜ (Sheridan College) ਦੇ ਨਾਲ, ਇੱਕ ਨਵਾਂ ਰਾਇਰਸਨ ਯੂਨੀਵਰਸਿਟੀ (Ryerson University) ਕੈਂਪਸ ਸਥਾਪਤ ਕਰਨ ਦੀ ਘੋਸ਼ਣਾ ਕੀਤੀ।

2022 ਦੀ ਪਤਝੜ ਦੀ ਰੁੱਤ ਵਿੱਚ ਕਲਾਸਾਂ ਵਾਸਤੇ ਖੁੱਲ੍ਹਣ ਲਈ ਪ੍ਰਸਤਾਵਿਤ, ਨਵਾਂ ਕੈਂਪਸ ਵਿਦਿਆਰਥੀਆਂ ਨੂੰ ਡੇਟਾ-ਸੰਚਾਲਿਤ ਵਿਗਿਆਨ ਅਤੇ ਪ੍ਰਯੋਗਤਾਮਕ ਸਿਖਲਾਈ ਦੇ ਨਾਲ ਬਿਜਨੇਸ ਪ੍ਰੋਗਰਾਮਿੰਗ ਮੁਹੱਈਆ ਕਰਨ 'ਤੇ ਧਿਆਨ ਕੇਂਦਰਿਤ ਕਰੇਗਾ। ਯੋਜਨਾਵਾਂ ਵਿੱਚ ਸ਼ਾਮਲ ਹਨ ਨਵੇਂ ਕੈਂਪਸ, ਨੈਸ਼ਨਲ ਸੈਂਟਰ ਫਾਰ ਸਾਈਬਰਸਿਕਿਓਰਿਟੀ (National Centre for Cybersecurity) ਦੀ ਇੱਕ ਭਾਈਵਾਲੀ, ਅਤੇ ਇੱਕ ਨਵੀਨਤਾਕਾਰੀ ਕੇਂਦਰ – ਸੰਯੁਕਤ ਵਰਤੋਂ ਵਾਲੀ ਇੱਕ ਫੈਸਿਲਿਟੀ, ਜਿਸ ਵਿੱਚ ਜਨਤਕ ਅਤੇ ਅਕਾਦਮਿਕ ਲਾਇਬ੍ਰੇਰੀਆਂ ਅਤੇ ਇੱਕ ਨਵੀਨਤਾਕਾਰੀ ਜ਼ੋਨ ਸ਼ਾਮਲ ਹੋਵੇਗਾ। ਨਵਾਂ ਕੈਂਪਸ ਡਾਉਨਟਾਉਨ ਗੋ ਸਟੇਸ਼ਨ (GO Station) ਦੇ ਨਾਲ ਬਣਾਇਆ ਜਾਏਗਾ। ਨਵੀਨਤਾਕਾਰੀ ਕੇਂਦਰ ਮੌਜੂਦ ਨੈਲਸਨ ਸਕਵੇਅਰ (Nelson Square) ਪਾਰਕਿੰਗ ਗਰਾਜ ਦੇ ਆਸਾਪਾਸ ਵਾਲੀ ਜ਼ਮੀਨ 'ਤੇ ਸਥਿਤ ਹੋਵੇਗਾ।

"ਇਹ ਬ੍ਰੈਂਪਟਨ ਲਈ ਇੱਕ ਵਿਰਲਾ ਮੌਕਾ ਹੈ, ਅਤੇ ਅਸੀਂ ਡਾਉਨਟਾਉਨ ਬ੍ਰੈਂਪਟਨ ਵਿੱਚ ਇੱਕ ਨਵਾਂ ਕੈਂਪਸ ਅਤੇ ਨਵੀਨਤਾਕਾਰੀ ਕੇਂਦਰ ਲਿਆਉਣ ਵਿੱਚ - ਦੋ ਪ੍ਰਮੁੱਖ ਇੰਸਟੀਟਿਊਸ਼ਨਾਂ – ਰਾਇਰਸਨ ਯੂਨੀਵਰਸਿਟੀ ਅਤੇ ਸ਼ੈਰੀਡਨ ਕਾਲੇਜ ਦੇ ਨਾਲ ਭਾਈਵਾਲੀ ਹੋਣ ਨਾਲ ਹੀ ਇੰਨੇ ਜ਼ਿਆਦਾ ਖੁਸ਼ ਨਹੀਂ ਹੋ ਸਕਦੇ ਸੀ," ਮੇਅਰ ਲਿੰਡਾ ਜੈਫਰੀ (Linda Jeffrey) ਨੇ ਕਿਹਾ। ਉਹਨਾਂ ਨੇ ਅੱਗੇ ਕਿਹਾ, "ਅੱਜ ਦੀ ਉਤਸ਼ਾਹਿਤ ਘੋਸ਼ਣਾ ਬ੍ਰੈਂਪਟਨ ਦੀ ਕਾਇਆ ਪਲਟ ਦੀ ਸ਼ੁਰੂਆਤ ਅਤੇ ਸਾਡੇ ਨਿਵਾਸੀਆਂ ਲਈ ਨਵੇਂ ਮੌਕਿਆਂ ਨੂੰ ਉਜਾਗਰ ਕਰਦੀ ਹੈ। ਅਸੀਂ ਸਿਖਲਾਈ ਅਤੇ ਨਵੀਨਤਾ ਲਈ ਬ੍ਰੈਂਪਟਨ ਨੂੰ ਇੱਕ ਟਿਕਾਣਾ ਬਣਾਉਣ 'ਤੇ ਰਾਇਰਸਨ ਅਤੇ ਸ਼ੈਰੀਡਨ ਨਾਲ ਸਾਡੀ ਸ਼ਾਨਦਾਰ ਭਾਈਵਾਲੀ ਨੂੰ ਜਾਰੀ ਰੱਖਣ ਦੀ ਆਸ ਕਰਦੇ ਹਾਂ।"

ਬ੍ਰੈਂਪਟਨ ਵਿੱਚ ਇੱਕ ਨਵੀਂ ਯੂਨੀਵਰਸਿਟੀ ਲਿਆਉਣਾ ਸਿਟੀ ਦੀ ਤਰਜੀਹ ਹੈ। ਸਤੰਬਰ 2017 ਵਿੱਚ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ ਇੱਕ ਨਵੀਂ ਯੂਨੀਵਰਸਿਟੀ ਅਤੇ ਨਵੀਨਤਾਕਾਰੀ ਕੇਂਦਰ ਲਈ $150 ਮਿਲੀਅਨ ਤੱਕ ਦੀ ਇੱਕ ਇਤਿਹਾਸਕ ਵਚਨਬੱਧਤਾ ਕੀਤੀ।

ਸਿਟੀ ਆਫ ਬ੍ਰੈਂਪਟਨ (City of Brampton) ਭਵਿੱਖੀ ਸਫਲਤਾ ਦੀ ਨੀਂਹ ਰੱਖਣ ਵਿੱਚ ਮਦਦ ਲਈ ਪਿਛਲੇ ਸਾਲ ਤੋਂ ਹੀ ਭਾਈਵਾਲਾਂ, ਭਾਈਚਾਰਕ ਸਮੂਹਾਂ ਅਤੇ ਕਾਰੋਬਾਰੀਆਂ ਦੇ ਨਾਲ ਕਿਰਿਆਸ਼ੀਲ ਰੂਪ ਨਾਲ ਜੁੜੀ ਰਹੀ ਹੈ। ਇਸ ਸਫਲਤਾ ਵਿੱਚ ਬਲੂ ਰਿਬਨ ਪੈਨਲ (Blue Ribbon Panel) ਦਾ ਕੰਮ ਵੀ ਸਹਾਇਕ ਰਿਹਾ ਸੀ, ਜਿਸਨੂੰ ਬ੍ਰੈਂਪਟਨ ਵਿੱਚ ਯੂਨੀਵਰਸਿਟੀ ਕੈਂਪਸ ਲਿਆਉਣ ਲਈ ਸਿਫ਼ਾਰਿਸ਼ਾਂ ਮੁਹੱਈਆ ਕਰਨ ਲਈ ਕਾਉਂਸਿਲ ਵੱਲੋਂ ਸਥਾਪਤ ਕੀਤਾ ਗਿਆ ਸੀ। 2017 ਵਿੱਚ, ਸਿਟੀ ਨੇ ਇੱਕ ਆਰਥਿਕ ਅਸਰ ਅਧਿਐਨ ਕੀਤਾ ਸੀ, ਜਿਸਨੇ ਨਵੀਂ ਯੂਨੀਵਰਸਿਟੀ ਅਤੇ ਨਵੀਨਤਾਕਾਰੀ ਕੇਂਦਰ ਦੇ ਆਰਥਿਕ

ਅਤੇ ਸਮਾਜਿਕ ਫ਼ਾਇਦਿਆਂ ਦੀ ਵਿਵਿਧਤਾ ਨੂੰ ਉਜਾਗਰ ਕੀਤਾ ਸੀ। ਸਿਟੀ ਨਵੀਨਤਾਕਾਰੀ ਕੇਂਦਰ ਵਾਸਤੇ ਇੱਕ ਦ੍ਰਿਸ਼ਟੀਕੋਣ ਵਿਕਸਿਤ ਕਰਨ ਲਈ ਵੀ ਭਾਈਵਾਲਾਂ ਨਾਲ ਮਿਲ ਕੇ ਕੰਮ ਕਰ ਰਹੀ ਹੈ, ਅਤੇ ਇਸ ਵੇਲੇ ਇਸ ਫੈਸਿਲਿਟੀ ਵਾਸਤੇ ਨਿਰਮਾਣਾਤਮਕ ਸੇਵਾਵਾਂ ਦੇ ਲਈ ਪ੍ਰਾਪਤੀ ਦੀ ਬੇਨਤੀ ਵਿਚਾਰ ਅਧੀਨ ਹੈ।

ਸਿਟੀ ਆਫ ਬ੍ਰੈਂਪਟਨ ਦੇ ਲਈ ਯੂਨੀਵਰਸਿਟੀ ਪਹਿਲਕਦਮੀ ਦੇ ਪ੍ਰੋਜੈਕਟ ਮੈਨੇਜਰ, ਪੌਲ ਅਲਡੂਨੇਟ (Paul Aldunate) ਨੇ ਕਿਹਾ, "ਅਸੀਂ ਰਾਇਰਸਨ ਅਤੇ ਸ਼ੈਰੀਡਨ ਦੇ ਨਾਲ ਮਜ਼ਬੂਤ ਭਾਈਵਾਲੀ ਦਾ ਨਿਰਮਾਣ ਕੀਤਾ ਹੈ।" ਉਹਨਾਂ ਨੇ ਅੱਗੇ ਕਿਹਾ, "ਅਸੀਂ ਇਸ ਰੋਮਾਂਚਕ ਪ੍ਰੋਜੈਕਟ 'ਤੇ ਨਾਲ ਮਿਲ ਕੇ ਅੱਗੇ ਵਧਣ ਲਈ ਉਤਸ਼ਾਹਿਤ ਹਾਂ, ਜੋ ਬ੍ਰੈਂਪਟਨ ਅਤੇ ਇਸਦੇ ਨਿਵਾਸੀਆਂ ਲਈ ਖ਼ਾਸ ਆਰਥਿਕ ਅਤੇ ਸੱਭਿਆਚਾਰਕ ਫ਼ਾਇਦੇ ਲਿਆਵੇਗਾ। ਇਹ ਪ੍ਰੋਜੈਕਟ ਡਾਊਨਟਾਊਨ ਬ੍ਰੈਂਪਟਨ ਵਿੱਚ ਭਵਿੱਖੀ ਕੁਸ਼ਲ ਕਾਰਜਬਲ ਵਿਕਸਿਤ ਕਰੇਗਾ।"

ਇਹ ਰਾਇਰਸਨ ਦਾ ਉੱਘੇ ਡਾਊਨਟਾਊਨ ਟੋਰੋਂਟੋ ਕੈਂਪਸ ਦੇ ਬਾਹਰ ਅਕਾਦਮਿਕ ਪ੍ਰੋਗਰਾਮਿੰਗ ਦਾ ਪਹਿਲਾ ਵਿਸਤਾਰ ਹੈ। ਰਾਇਰਸਨ ਦੀ ਸ਼ਹਿਰ ਵਿੱਚ ਨਿਰਮਾਣ ਕੀਤੇ ਜਾਣ ਵਾਲੇ ਇੰਸਟੀਟਿਊਸ਼ਨ ਦੇ ਤੌਰ 'ਤੇ ਸਾਖ ਹੈ, ਅਤੇ ਵਿਸ਼ਵਵਿਆਪੀ ਤੌਰ 'ਤੇ ਇਸਨੂੰ ਇਸਦੇ ਕਾਰੋਬਾਰ-ਕੇਂਦਰਿਤ ਨਵੀਨਤਾਕਾਰੀ ਜ਼ੋਨਾਂ ਲਈ ਮਾਨਤਾ ਮਿਲੀ ਹੈ। ਕੈਰੀਅਰ-ਅਨੁਕੂਲਿਤ ਸਿੱਖਿਆ 'ਤੇ ਇਕਾਗਰਤਾ ਦੇ ਨਾਲ, ਰਾਇਰਸਨ ਨੂੰ ਓਨਟੈਰੀਓ ਵਿੱਚ ਸਥਿਤ ਕਿਸੇ ਵੀ ਯੂਨੀਵਰਸਿਟੀ ਦੇ ਮੁਕਾਬਲੇ, ਉਪਲਬਧ ਥਾਵਾਂ ਦੇ ਸਬੰਧ ਵਿੱਚ ਸਭ ਤੋਂ ਵੱਧ ਅਰਜ਼ੀਆਂ ਪ੍ਰਾਪਤ ਹੁੰਦੀਆਂ ਹਨ।

ਰਾਇਰਸਨ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਐਂਡ ਵਾਈਸ-ਚਾਂਸਲਰ, ਡਾ. ਮੁਹੰਮਦ ਲਛੇਮੀ (Mohamed Lachemi) ਨੇ ਕਿਹਾ, "ਬ੍ਰੈਂਪਟਨ ਵਿੱਚ ਵਿਸਤਾਰ ਕਰਨ ਨਾਲ, ਰਾਇਰਸਨ ਵਿਦਿਆਰਥੀਆਂ ਨੂੰ ਕੈਨੇਡਾ ਵਿੱਚ ਤੇਜ਼ੀ ਨਾਲ ਵਿਕਸਿਤ ਹੋਣ ਵਾਲੇ ਅਤੇ ਸਭ ਤੋਂ ਵੱਧ ਵੰਨ-ਸੁਵੰਨੇ ਭਾਈਚਾਰਿਆਂ ਵਿੱਚੋਂ ਇੱਕ ਵਿੱਚ ਬਹੁਤ ਜ਼ਿਆਦਾ ਲੋੜੀਂਦੇ ਯੂਨੀਵਰਸਿਟੀ ਪ੍ਰੋਗਰਾਮ ਮੁਹੱਈਆ ਕਰੇਗੀ।" ਉਹਨਾਂ ਨੇ ਅੱਗੇ ਕਿਹਾ, "ਅਸੀਂ ਰੀਜਨ ਵਿੱਚ ਵਿਦਿਆਰਥੀਆਂ ਨੂੰ ਅਜਿਹੇ ਨਵੀਨ ਅਕਾਦਮਿਕ ਪ੍ਰੋਗਰਾਮਾਂ ਮੁਹੱਈਆ ਕਰਨ ਲਈ ਸ਼ੈਰੀਡਨ ਦੇ ਨਾਲ ਮਿਲ ਕੇ ਕੰਮ ਕਰਨ ਦੀ ਆਸ ਕਰਦੇ ਹਾਂ, ਜੋ ਆਧੁਨਿਕ ਅਰਥਚਾਰੇ ਵਿੱਚ ਸਫਲ ਹੋਣ ਅਤੇ ਉੱਨਤੀ ਕਰਨ ਲਈ ਲੋੜੀਂਦੀਆਂ ਗੰਭੀਰ ਸੋਚ ਵਿਚਾਰ ਅਤੇ ਸਮੱਸਿਆ ਨੂੰ ਹੱਲ ਕਰਨ ਦੀਆਂ ਕੁਸ਼ਲਤਾਵਾਂ ਪੇਸ਼ ਕਰਦੇ ਹੋਣ।"

ਸ਼ੈਰੀਡਨ ਦਾ ਬ੍ਰੈਂਪਟਨ ਵਿੱਚ ਲੰਮਾ ਇਤਿਹਾਸ ਰਿਹਾ ਹੈ, ਅਤੇ ਮੁੱਖ ਪ੍ਰੋਗਰਾਮਿੰਗ ਵਿਕਸਿਤ ਅਤੇ ਪ੍ਰਦਾਨ ਕਰਨ ਦੀਆਂ ਮਜ਼ਬੂਤ ਉਪਲਬਧੀਆਂ ਰਹੀਆਂ ਹਨ। ਡੇਵਿਸ (Davis) ਕੈਂਪਸ ਅਤੇ ਸੈਂਟਰ ਆਫ ਐਡਵਾਂਸਡ ਮੈਨਯੁਫੈਕਚਰਿੰਗ ਐਂਡ ਡਿਜ਼ਾਈਨ ਟੈਕਨੋਲੋਜੀ (Centre of Advanced Manufacturing and Design Technology) ਪਹਿਲਾਂ ਹੀ ਬ੍ਰੈਂਪਟਨ ਵਿੱਚ ਸਥਿਤ ਹਨ। ਸ਼ੈਰੀਡਨ ਦੀ ਅਪਲਾਈਡ ਰਿਸਰਚ ਅਤੇ ਪ੍ਰਯੋਗਾਤਮਕ ਸਿਖਲਾਈ ਵਿੱਚ ਬਹੁਤ ਚੰਗੀ ਸਾਖ ਹੈ, ਅਤੇ ਸਿਟੀ ਆਫ ਬ੍ਰੈਂਪਟਨ ਵਿੱਚ ਅਤੇ ਇਸਦੇ ਨਾਲ ਭਾਈਵਾਲੀਆਂ ਦਾ ਨਿਰਮਾਣ ਕਰਨ ਦਾ ਇੱਕ ਮਜ਼ਬੂਤ ਇਤਿਹਾਸ ਹੈ।

ਸ਼ੈਰੀਡਨ ਦੀ ਪ੍ਰੈਜ਼ੀਡੈਂਟ ਐਂਡ ਵਾਈਸ-ਚਾਂਸਲਰ, ਡਾ. ਮੈਰੀ ਪਰੀਸ (Mary Preece) ਨੇ ਕਿਹਾ, "ਸ਼ੈਰੀਡਨ ਨੂੰ ਇਸ ਰੋਮਾਂਚਕ ਉੱਦਮ 'ਤੇ ਰਾਇਰਸਨ ਯੂਨੀਵਰਸਿਟੀ ਦੇ ਨਾਲ ਭਾਈਵਾਲੀ ਕਰਨ ਲਈ ਬਹੁਤ ਜ਼ਿਆਦਾ ਮਾਣ ਹੈ। ਉਹਨਾਂ ਨੇ ਅੱਗੇ ਕਿਹਾ, "50 ਸਾਲਾਂ ਤੋਂ, ਬ੍ਰੈਂਪਟਨ ਨੂੰ ਘਰ ਕਹਿਣ 'ਤੇ ਸਾਨੂੰ ਮਾਣ ਹੈ। ਅੱਜ ਨਵੇਂ ਯੁੱਗ ਦੀ ਸ਼ੁਰੂਆਤ ਹੋ ਗਈ ਹੈ। ਅਸੀਂ ਰਚਨਾਤਮਕ ਢੰਗ ਨਾਲ ਸਮੱਸਿਆ ਹੱਲ ਕਰਨ ਦੀ ਪੜ੍ਹਾਈ ਵਿੱਚ ਸ਼ੈਰੀਡਨ ਦੀ ਸਮਰੱਥਾ, ਨਵੀਨਤਾ ਨੂੰ ਕਾਇਮ ਰੱਖਣ ਲਈ ਸਾਡੇ ਦੋਵਾਂ ਇੰਸਟੀਟਿਊਸ਼ਨਾਂ ਦੀ ਸਥਾਪਤ ਉਪਲਬਧੀ, ਅਤੇ ਪ੍ਰਯੋਗਾਤਮਕ ਸਿਖਲਾਈ ਦੇ ਮੁੱਲ ਵਿੱਚ ਸਾਡੇ ਸਾਂਝੇ ਕੀਤੇ ਯਕੀਨ 'ਤੇ ਅਧਾਰਿਤ ਹਾਂ। ਨਾਲ ਮਿਲ ਕੇ, ਅਸੀਂ ਵਿਦਿਆਰਥੀਆਂ ਨੂੰ ਅਜਿਹੀ ਸਿੱਖਿਆ ਪ੍ਰਾਪਤ ਕਰਨ ਦੇ ਹੋਰ ਮੌਕੇ ਮੁਹੱਈਆ ਕਰਾਂਗੇ, ਜੋ ਲੰਮੇ ਸਮੇਂ ਤੱਕ ਕਾਫ਼ੀ ਮਹੱਤਵਪੂਰਨ ਹੋਵੇਗੀ।"

**ਸੰਖੇਪ ਤੱਥ**

- ਪ੍ਰੋਜੈਕਟ ਦੀ ਅਕਾਦਮਿਕ ਸਬੰਧੀ ਸ਼ੁਰੂਆਤ ਦੀ ਅਨੁਮਾਨਤ ਤਾਰੀਖ ਸਤੰਬਰ 2022 ਹੈ।
- ਰਾਇਰਸਨ ਨਵੇਂ ਬ੍ਰੈਂਪਟਨ ਕੈਂਪਸ ਵਿਖੇ 2,000 ਵਿਦਿਆਰਥੀਆਂ ਦੇ ਦਾਖ਼ਲੇ ਦੀ ਯੋਜਨਾ ਬਣਾ ਰਹੀ ਹੈ
- ਸਿਟੀ ਆਫ ਬ੍ਰੈਂਪਟਨ ਨੇ 10 ਸਾਲਾਂ ਤੋਂ, ਇੱਕ ਯੂਨੀਵਰਸਿਟੀ ਫੈਸਿਲਿਟੀ ਲਈ $50 ਮਿਲੀਅਨ ਤੱਕ ਅਤੇ ਨਵੀਨਤਾਕਾਰੀ ਕੇਂਦਰ ਲਈ $100 ਮਿਲੀਅਨ ਤੱਕ ਦੀ ਵਚਨਬੱਧਤਾ ਕੀਤੀ ਹੈ।

- ਸਿਟੀ ਆਫ ਬ੍ਰੈਂਪਟਨ ਅਤੇ ਓਨਟੈਰੀਓ ਸੂਬੇ (Province of Ontario) ਦੇ ਵਿਚਕਾਰ, ਬਿਲੀਅਨ ਡਾਲਰਾਂ ਦੇ ਲਗਭਗ ਇੱਕ ਤਿਹਾਈ ਦੀ ਨਵੀਂ ਯੂਨੀਵਰਸਿਟੀ ਅਤੇ ਨਵੀਨਤਾਕਾਰੀ ਕੇਂਦਰ ਲਈ ਵਚਨਬੱਧਤਾ ਹੈ।
- ਸਿਟੀ ਨੇ 2017 ਵਿੱਚ ਇੱਕ ਆਰਥਿਕ ਅਸਰ ਅਧਿਐਨ ਕੀਤਾ ਸੀ, ਜਿਸਨੇ ਦਰਸਾਇਆ ਸੀ ਕਿ ਨਵੀਂ ਯੂਨੀਵਰਸਿਟੀ ਅਤੇ ਨਵੀਨਤਾਕਾਰੀ ਕੇਂਦਰ ਦੀ ਉਸਾਰੀ, ਅਤੇ ਜਾਰੀ ਸਾਲਾਨਾ ਸੰਚਾਲਨ ਹਜ਼ਾਰਾਂ ਨੌਕਰੀਆਂ ਪੈਦਾ ਕਰੇਗਾ ਅਤੇ ਅਰਥਚਾਰੇ ਵਿੱਚ ਸੈਂਕੜੇ ਮਿਲੀਅਨ ਡਾਲਰ ਸ਼ਾਮਲ ਕਰੇਗਾ।
- ਡਾਉਨਟਾਉਨ ਬ੍ਰੈਂਪਟਨ ਸਥਾਨ ਟ੍ਰਾਂਜ਼ਿਟ ਰਾਹੀਂ ਆਸਾਨੀ ਨਾਲ ਪਹੁੰਚਣਯੋਗ ਹੈ, ਗੋ ਟ੍ਰਾਂਜ਼ਿਟ (GO transit) ਰਾਹੀਂ ਜੀ.ਟੀ.ਏ. ਅਤੇ ਨਵੀਨਤਾਕਾਰੀ ਸੁਪਰ ਲਾਂਘੇ ਨਾਲ ਜੋੜਦਾ ਹੈ, ਅਤੇ ਇਹ ਇੱਕ ਖ਼ਾਸ ਬ੍ਰੈਂਪਟਨ ਟਿਕਾਣਾ (ਡੈਸਟੀਨੇਸ਼ਨ) ਬਣਾਉਂਦੇ ਹੋਏ, ਕਾਰੋਬਾਰ ਅਤੇ ਸੱਭਿਆਚਾਰਕ ਗਤੀਵਿਧੀ ਨੂੰ ਵਧਾਉਣ ਵਿੱਚ ਮਦਦ ਕਰੇਗਾ।
- ਡਾਉਨਟਾਉਨ ਬ੍ਰੈਂਪਟਨ ਯੂਨੀਵਰਸਿਟੀ ਸਥਾਨ ਬ੍ਰੈਂਪਟਨ ਦੀ ਸਥਿਤੀ ਦਾ ਵਿਸਤਾਰ ਟੋਰੋਂਟੋ-ਵਾਟਰਲੂ ਇਨੋਵੇਸ਼ਨ ਕੋਰੀਡੋਰ (Toronto-Waterloo Innovation Corridor) ਦੇ ਕੇਂਦਰ ਵਿਖੇ ਕਰਦਾ ਹੈ, ਜੋ ਪ੍ਰਤਿਭਾ, ਅਧਿਆਪਕਾਂ, ਨਿਵੇਸ਼ਕਾਂ, ਉੱਦਮੀਆਂ ਅਤੇ ਉੱਚ-ਵਿਕਾਸ ਵਾਲੀਆਂ ਫਰਮਾਂ ਨਾਲ ਜੋੜਨ ਦਾ ਈਕੋਸਿਸਟਮ (ਪਰਿਆਵਰਨਕ ਪ੍ਰਬੰਧ) ਹੈ।

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca